# ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਛੇਵੀਂ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ., ਸੈ.ਸਿ.),

ਪੰਜਾਬ।

ਮੀਮੋ ਨੰ: 17/6-2018 ਸੇਪ੍ਰ (1)/ 307

ਮਿਤੀ ਐਸ.ਏ.ਐਸ. ਨਗਰ: 21.3.18

**ਵਿਸ਼ਾ:** **ਸਕੂਲ ਮਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 ਦੀ ਧਾਰਾ 21 ਅਤੇ ਪੰਜਾਬ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਨਿਯਮ, 2011 ਦੇ ਨਿਯਮ 13 ਵੱਲ ਦਿਵਾਉਂਦੇ ਹੋਏ ਇਹ ਲਿਖਿਆ ਜਾਂਦਾ ਹੈ ਕਿ ਐਕਟ ਅਤੇ ਨਿਯਮਾਂ ਦੀ ਪਾਲਣਾ ਹਿੱਤ ਇਸ ਦਫ਼ਤਰ ਦੇ ਪੂਰਵ ਪੱਤਰ ਨੰ: ਡੀ.ਜੀ.ਐਸ.ਈ./ਆਰ.ਟੀ.ਈ./2016/9175, ਮਿਤੀ 17.06.2016 ਰਾਹੀਂ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਇਲਾਵਾ ਹਰ ਇੱਕ ਸਕੂਲ ਲਈ ਸਕੂਲ ਮਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾ ਜਾਰੀ ਕੀਤੀਆ ਗਈਆਂ ਸਨ ਅਤੇ ਇਹਨਾਂ ਦਾ ਕਾਰਜਕਾਲ 2 ਸਾਲ ਨਿਰਧਾਰਿਤ ਕੀਤਾ ਗਿਆ ਸੀ। ਦੋ ਸਾਲਾਂ ਤੋਂ ਬਾਅਦ ਇਨ੍ਹਾਂ ਕਮੇਟੀਆਂ ਦਾ ਮੁੜ ਗਠਨ ਕੀਤਾ ਜਾਣਾ ਸੀ।

ਹੁਣ ਇਨ੍ਹਾਂ ਕਮੇਟੀਆਂ ਦਾ ਮਿਤੀ 01.04.2018 ਤੋਂ ਮੁੜ ਗਠਨ ਕੀਤਾ ਜਾਣਾ ਹੈ। ਸਕੂਲ ਮਨੇਜਮੈਂਟ ਕਮੇਟੀਆਂ ਦਾ ਕਾਰਜਕਾਲ ਪਹਿਲਾਂ ਵਾਂਗ 2 ਸਾਲ ਦਾ ਹੀ ਹੋਵੇਗਾ, ਜਿਸ ਪਿੱਛੋਂ ਇਹਨਾਂ ਕਮੇਟੀਆਂ ਦਾ ਮੁੜ ਗਠਨ ਕੀਤਾ ਜਾਵੇਗਾ। ਹਰ ਇੱਕ ਸਕੂਲ ਲਈ ਇੱਕ ਹੀ ਸਕੂਲ ਮਨੇਜਮੈਂਟ ਕਮੇਟੀ ਹੋਵੇਗੀ ਭਾਵੇਂ ਅਜਿਹਾ ਸਕੂਲ ਪ੍ਰਾਇਮਰੀ ਸਕੂਲ ਹੋਵੇ ਜਾਂ ਮਿਡਲ ਸਕੂਲ ਜਾਂ ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ। ਸਾਰੇ ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮਨੇਜਮੈਂਟ ਕਮੇਟੀਆਂ ਵਿੱਚ ਇਕਸਾਰਤਾ ਰੱਖਣ ਦੇ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮਨੇਜਮੈਂਟ ਕਮੇਟੀਆਂ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਵੇ:

(ੳ) ਸਕੂਲ ਮਨੇਜਮੈਂਟ ਕਮੇਟੀ ਦੇ ਮੈਂਬਰਾਂ ਦਾ ਕੁੱਲ ਗਿਣਤੀ 12 ਹੋਵੇਗੀ ਜਿਨ੍ਹਾਂ ਵਿੱਚ 9 ਮੈਂਬਰਾ (75%) ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸ੍ਰਪਰਸਤਾਂ ਵਿੱਚੋਂ ਲਏ ਜਾਣਗੇ ਜਿਨ੍ਹਾਂ ਵਿੱਚ ਘੱਟੋ-ਘੱਟ 5 ਇਸਤਰੀਆਂ ਹੋਣਗੀਆਂ। ਇਹ ਵੀ ਸੁਨਿਸਚਿਤ ਕੀਤਾ ਜਾਵੇਗਾ ਕਿ ਸੁਵਿਧਾਰਹਿਤ ਗਰੁਪ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ;

(ਅ) ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ ਜਿਸ ਬਾਰੇ ਫ਼ੈਸਲਾ ਸਥਾਨਕ ਅਥਾਰਟੀ ਵੱਲੋਂ ਕੀਤਾ ਜਾਵੇਗਾ;

(ੲ) ਇੱਕ ਮੈਂਬਰ ਅਧਿਆਪਕਾ ਵਿੱਚੋਂ ਲਿਆ ਜਾਵੇਗਾ, ਜਿਸ ਬਾਰੇ ਫ਼ੈਸਲਾ ਅਧਿਆਪਕਾਂ ਵੱਲੋਂ ਕੀਤਾ ਜਾਵੇਗਾ;

(ਸ) ਬਾਕੀ ਇੱਕ ਮੈਂਬਰ ਸਥਾਨਕ ਵਿਦਿਅਕ ਮਾਹਰਾਂ ਜਾਂ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਲਿਆ ਜਾਵੇਗਾ, ਜਿਸ ਬਾਰੇ ਫ਼ੈਸਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੁਦ ਕੀਤਾ ਜਾਵੇਗਾ; ਅਤੇ

(ਹ) ਸਕੂਲ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਮੈਂਬਰ ਹੋਵੇਗਾ ਪ੍ਰੰਤੂ ਉਸ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਸਕੂਲ ਮਨੇਜਮੈਂਟ ਕਮੇਟੀਆਂ ਆਪਣਾ ਕਾਰਵਿਹਾਰ ਚਲਾਉਣ ਦੇ ਲਈ ਗੈਰ ਸਰਕਾਰੀ ਮੈਂਬਰਾਂ ਵਿੱਚੋਂ ਇੱਕ ਚੇਅਪਰਸਨ ਅਤੇ ਵਾਇਸ ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਸਕੂਲ ਮਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ।

ਸਕੂਲ ਮਨੇਜਮੈਂਟ ਕਮੇਟੀ ਦਾ ਗਠਨ ਕਰਦੇ ਸਮੇਂ ਇਹ ਵੀ ਸੁਨਿਸਚਿਤ ਕੀਤਾ ਜਾਵੇ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤਰੀਆਂ ਦੀ ਨੁਮਾਇੰਦਗੀ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਵੇਗੀ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.),**
**ਪੰਜਾਬ।**